# ਨੌਜਵਾਨਾਂ ਲਈ ਏਕੀਕ੍ਰਿਤ ਸੇਵਾਵਾਂ ਕੀ ਮਤਲਬ ਹੈ?

**ਕਈ ਵਾਰ ਜ਼ਿੰਦਗੀ ਵਿਚ ਬਹੁਤ ਬੋਝ ਮਹਿਸੂਸ ਹੁੰਦਾ ਹੈ। ਤੁਸੀਂ ਇਸ ਨੂੰ– ਸਕੂਲ ਦਾ ਦਬਾਅ, ਪਰਵਾਰਕ ਅਣਬਣ, ਦੋਸਤਾਂ ਜਾਂ ਰਿਸ਼ਤੇ ਦਾ ਡਰਾਮਾ, ਕਿਸੇ ਇੱਕ ਕਿਸਮ ਦੀ ਦਿੱਖ ਬਣਾਉਣਾ, ਸੈਕਸੂਅਲ ਅਤੇ ਮਾਨਸਿਕ ਸਿਹਤ ਬਾਰੇ ਸੁਆਲ, ਅਮਲ (ਕਿਸੇ ਪਦਾਰਥ ਤੋਂ ਲੈ ਕੇ ਸੋਸ਼ਲ ਮੀਡੀਏ ਤੱਕ)। ਇਹ ਸਭ ਇਕੱਠੇ ਹੋ ਜਾਂਦੇ ਹਨ।**

ਇੱਥੇ ਬਹੁਤ ਕੁੱਝ ਸੋਚਣ ਅਤੇ ਕਰਨ ਵਾਲਾ ਹੈ, ਪਰ ਇਹ ਸਮਝਣਾ ਬੜਾ ਔਖਾ ਹੈ ਕਿ ਕਿੱਥੋਂ ਸ਼ੁਰੂ ਕੀਤਾ ਜਾਏ। ਕਈ ਨੌਜਵਾਨ ਅਤੇ ਉਨ੍ਹਾਂ ਦੇ ਪਰਵਾਰ/ਦੇਖਭਾਲ ਕਰਨ ਵਾਲੇ ਵੀ ਸੁਨਿਸ਼ਚਿਤ ਨਹੀਂ ਹੁੰਦੇ ਕਿ ਸਰੋਤਾਂ ਅਤੇ ਸਹਾਇਤਾ ਦਾ ਕਿੱਥੋਂ ਪਤਾ ਕੀਤਾ ਜਾਏ ਜੋ ਉਨ੍ਹਾਂ ਦੀ ਲੋੜ ਮੁਤਾਬਿਕ ਹੋਵੇ।

ਪਰ ਹੁਣ ਐਸੀ ਥਾਂ ਦੀ ਕਲਪਨਾ ਕਰੋ ਜਿੱਥੇ ਕੌਂਸਲਰ, ਡਾਕਟਰ, ਥੈਰਾਪਿਸਟ ਅਤੇ ਸਮਾਜ ਸੇਵਕ ਇੱਕੋ ਜਗ੍ਹਾ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਹੋਣ। ਇਹ ਹੁਣ ਕਲਪਨਾ ਕੋਈ ਦੂਰ ਨਹੀਂ ਬਲਕਿ ਇੱਕ ਹਕੀਕਤ ਹੈ।

ਜੇ ਤੁਸੀਂ ਜ਼ਿੰਦਗੀ ਦੀਆਂ ਲੋੜਾਂ ਦੀ ਖਿੱਚੋਤਾਣ ਵਿਚ ਥੱਕੇ ਹੋਏ ਹੋ, ਤਾਂ ਥੋੜ੍ਹੀ ਬ੍ਰੇਕ ਲੈ ਕੇ ਕਿਸੇ ਐਸੇ ਵਿਅਕਤੀ/ਸੰਸਥਾ ਨਾਲ ਗੱਲ ਕਰੋ ਜੋ ਸੱਚ ਮੁਚ ਤੁਹਾਨੂੰ ਸੁਣਨਾ ਅਤੇ ਮਦਦ ਕਰਨਾ ਚਾਹੁੰਦੇ ਹਨ ਕਿ ਤੁਹਾਡੇ ਨਾਲ ਕੀ ਬੀਤ ਰਹੀ ਹੈ। ਨੌਜਵਾਨਾਂ ਲਈ ਏਕੀਕ੍ਰਿਤ ਸੇਵਾਵਾਂ (IYS) ਸਿਹਤ ਸੰਭਾਲ ਸਿਸਟਮ ਵਿਚ ਕ੍ਰਾਂਤੀਕਾਰੀ ਕੰਮ ਕਰ ਰਹੀਆਂ ਹਨ।

**ਤੁਹਾਨੂੰ ਕੀ ਚਾਹੀਦਾ ਹੈ ਅਤੇ ਕਦੋਂ ਚਾਹੀਦਾ ਹੈ ਲਈ ਨੌਜਵਾਨਾਂ ਲਈ ਏਕੀਕ੍ਰਿਤ ਸੇਵਾਵਾਂ (IYS) ਕਈ ਸੇਵਾਵਾਂ ਅਤੇ ਸਹਾਇਤਾ ਨੂੰ ਇਕੱਠਿਆਂ ਕਰ ਕੇ ਤੁਹਾਡੀ ਮਦਦ ਕਰਦਾ ਹੈ। ਨੌਜਵਾਨਾਂ ਲਈ ਏਕੀਕ੍ਰਿਤ ਸੇਵਾਵਾਂ (IYS) ਆਮ ਤੌਰ ਤੇ ਹੇਠ ਲਿਖੀਆਂ ਸੇਵਾਵਾਂ ਨੂੰ ਕਵਰ ਕਰਦੀ ਹੈ:**

ਨੌਜਵਾਨਾਂ ਲਈ ਏਕੀਕ੍ਰਿਤ ਸੇਵਾਵਾਂ ਦਾ ਸਮੁਚਾ ਨਜ਼ਰੀਆ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਵਾਰਾਂ/ਦੇਖਭਾਲ ਕਰਨ ਵਾਲਿਆਂ ਲਈ ਸਹੀ ਸਮੇਂ ਤੇ ਸਹੀ ਸੇਵਾਵਾਂ ਨਾਲ ਸੰਪਰਕ ਆਸਾਨ ਬਣਾਉਣਾ ਹੈ, ਇਸ ਨੂੰ ਵਿਚਾਰੇ ਬਿਨਾਂ ਕਿ ਤੁਸੀਂ ਕੌਣ ਹੋ ਜਾਂ ਤੁਹਾਡੀ ਜ਼ਿੰਦਗੀ ਵਿਚ ਕੀ ਬੀਤ ਰਿਹਾ ਹੈ।

ਸਹਾਇਤਾ ਲਈ ਕਿੱਥੇ ਜਾਣਾ ਹੈ ਇਸ ਸੋਚ ਨੂੰ ਅਲਵਿਦਾ ਕਹੋ ਅਤੇ IYS ਦਾ ਸਵਾਗਤ ਕਰੋ!

ਕੈਨੇਡਾ ਵਿਚ IYS ਪਹਿਲ ਕਦਮੀਆਂ ਵਧ ਰਹੀਆਂ ਹਨ। ਉਨ੍ਹਾਂ ਵਿਚੋਂ ਇੱਕ ਮਿਸਾਲ ਬ੍ਰਿਟਿਸ਼ ਕੋਲੰਬੀਆ ਵਿਚ ਫ਼ਾਊਂਡਰੀ ਹੈ। ਫ਼ਾਊਂਡਰੀ 12-24 ਸਾਲ ਦੇ ਵਿਅਕਤੀਆਂ ਲਈ ਉੱਪਰ ਲਿਖੀਆਂ ਸੇਵਾਵਾਂ ਇੱਕ ਥਾਂ ਇਕੱਠੀਆਂ ਕਰਦੀ ਹੈ। ਇਹ ਸੇਵਾਵਾਂ ਨੌਜਵਾਨਾਂ ਦੇ ਪਰਵਾਰਾਂ/ਦੇਖਭਾਲ ਕਰਨ ਵਾਲਿਆਂ ਲਈ ਵੀ ਉਪਲਬਧ ਹਨ ਜਿਨ੍ਹਾਂ ਵਿਚ ਗਰੁੱਪ, ਵਰਕਸ਼ਾਪਾਂ, ਕੌਂਸਲਿੰਗ, ਅਤੇ ਪੀਰ ਸਪੋਰਟ ਸ਼ਾਮਲ ਹਨ। ਫ਼ਾਊਂਡਰੀ ਵੱਲੋਂ ਇਹ ਸੇਵਾਵਾਂ ਸੇਵਾ ਪ੍ਰਦਾਨ ਕਰਨ ਵਾਲਿਆਂ, ਪਰਵਾਰਾਂ/ਦੇਖਭਾਲ ਕਰਨ ਵਾਲਿਆਂ ਅਤੇ ਨੌਜਵਾਨਾਂ ਦੇ ਸਹਿਯੋਗ ਨਾਲ ਡਿਜ਼ਾਈਨ ਕਰਦੀ ਹੈ ਤਾਂ ਕਿ ਇਹ ਸੁਨਿਸ਼ਚਿਤ ਹੋ ਸਕੇ ਕਿ ਸੇਵਾਵਾਂ ਭਾਈਚਾਰਕ ਤੌਰ ਤੇ ਸੁਰੱਖਿਅਤ, ਨੌਜਵਾਨਾਂ ਅਨੁਕੂਲ ਹਨ ਅਤੇ ਨੌਜਵਾਨਾਂ ਦੀ ਜ਼ਰੂਰਤ ਪੂਰੀ ਕਰਦੀਆਂ ਹਨ।

**ਨੌਜਵਾਨ ਬੀ.ਸੀ. ਵਿਚ ਲੋਕਲ ਫ਼ਾਊਂਡਰੀ ਸੈਂਟਰ ਵਿਚ ਆ ਸਕਦੇ ਹਨ, ਆਨ ਲਾਈਨ ਟੂਲ ਅਤੇ ਸਰੋਤਾਂ ਦੀ ਇੱਥੇ foundrybc.ca/get-support ਪੜਚੋਲ ਕਰ ਸਕਦੇ ਹਨ ਜਾਂ ਇਸ ਐਪ ਰਾਹੀਂ Foundry BC app. ਵਰਚੂਅਲੀ ਸੰਪਰਕ ਕਰ ਸਕਦੇ ਹਨ। ਇਸ ਐਪ ਰਾਹੀਂ ਕੁੱਝ ਸੇਵਾਵਾਂ ਅੰਗਰੇਜ਼ੀ ਵਿਚ ਅਤੇ ਕੁੱਝ ਸੇਵਾਵਾਂ ਹੋਰ ਭਾਸ਼ਾਵਾਂ ਵਿਚ ਵੀ ਉਪਲਬਧ ਹਨ।**







© 2022, Providence Health Care Society d.b.a. Foundry. All rights reserved.
FOUNDRY